Punjabi

# ਸੁਰੱਖਿਅਤ ਸਰਜਰੀ ਜਾਂਚ-ਸੂਚੀ (ਸ਼ਸ਼ਛ)
# (Safe Surgery Checklist (SSC))

## ਸੁਰੱਖਿਅਤ ਸਰਜਰੀ ਜਾਂਚ-ਸੂਚੀ (ਸ਼ਸ਼ਛ) ਕੀ ਹੈ?
**(What is the Safe Surgery Checklist (SSC)?)**

ਸ਼ਸ਼ਛ ਇੱਕ ਸਾਧਨ ਹੈ ਜਿਸ ਨੂੰ ਤੁਹਾਡੀ ਸਰਜੀਕਲ ਟੀਮ ਇਹ ਯਕੀਨੀ ਬਣਾਉਣ ਲਈ ਵਰਤਦੀ ਹੈ ਕਿ ਜਦੋਂ ਤੁਹਾਡੀ ਸਰਜਰੀ ਹੋ ਰਹੀ ਹੋਵੇ ਤਾਂ ਇੱਕ ਚੰਗਾ ਅਤੇ ਬਿਲਕੁਲ ਸਹੀ ਸੰਚਾਰ ਹੋਵੇ। ਸ਼ਸ਼ਛ ਨੂੰ ਉਸ ਵੇਲੇ ਵਰਤਿਆ ਜਾਂਦਾ ਹੈ 1) ਜਦੋਂ ਤਹੁਾ ਨੂੰ ਸਰਜਰੀ ਲਈ ਤਿਆਰ ਕੀਤਾ ਜਾ ਰਿਹਾ ਹੋਵੇ, 2) ਸਰਜਨ ਦੁਆਰਾ ਤੁਹਾਡਾ ਆਪਰੇਸ਼ਨ ਸ਼ੁਰੂ ਕੀਤੇ ਜਾਣ ਤੋਂ ਪਹਿਲਾਂ, ਅਤੇ 3) ਤੁਹਾਡੇ ਰਿਕਵਰੀ ਰੂਮ ਵਿੱਚ ਜਾਣ ਤੋਂ ਪਹਿਲਾਂ। ਮਰੀਜ਼ ਦੇ ਰੂਪ ਵਿੱਚ, ਤੁਸੀਂ ਟੀਮ ਦਾ ਹਿੱਸਾ ਹੁੰਦੇ ਹੋ।

## ਕੀ ਅਲਬਰਟਾ ਹੈਲਥ ਸਰਵਿਸਿਜ਼ ਦੇ ਕੋਲ ਪਹਿਲਾਂ ਹੀ ਮੈਨੂੰ ਸੁਰੱਖਿਅਤ ਰੱਖਣ ਲਈ ਕਦਮ ਹਨ?
**(Doesn't Alberta Health Services already have steps in place to keep me safe?)**

ਹਾਂ, ਪਰ ਮਰੀਜ਼ ਦੀ ਸੁਰੱਖਿਆ ਦੀ ਗੱਲਬਾਤ ਕਰਨ ਦੀ ਬਜਾਏ, ਅਲਬਰਟਾ ਹੈਲਥ ਸਰਵਿਸਿਜ਼ ਤੁਹਾਡੀ ਸੁਰੱਖਿਆ ਨੂੰ ਇੱਕ ਕਦਮ ਅੱਗੇ ਲੈ ਕੇ ਗਈ ਹੈ ਅਤੇ ਸ਼ਸ਼ਛ ਦਾ ਅਲਬਰਟਾ ਲਈ ਵਿਸ਼ੇਸ਼ ਸੰਸਕਰਣ ਤਿਆਰ ਕੀਤਾ ਹੈ ਜੋ ਸਭ ਤੋਂ ਪਹਿਲਾਂ ਵਰਲਡ ਹੈਲਥ ਆਰਗੇਨਾਈਜੇਸ਼ਨ ਦੁਆਰਾ ਬਣਾਇਆ ਗਿਆ ਸੀ।

## ਸ਼ਸ਼ਛ ਦੀ ਵਰਤੋਂ ਨਾਲ ਮੇਰੀ ਦੇਖਭਾਲ ਵਿੱਚ ਕਿਵੇਂ ਸੁਧਾਰ ਹੁੰਦਾ ਹੈ?
**(How does using the SSC improve my care?)**

ਸ਼ਸ਼ਛ ਯਕੀਨੀ ਬਣਾਉਂਦੀ ਹੈ ਕਿ 1) ਤੁਹਾਡੇ ਅਤੇ ਤੁਹਾਡੇ ਸਿਹਤ-ਸੰਭਾਲ ਪ੍ਰਦਾਤਾਵਾਂ ਦੇ ਵਿਚਕਾਰ ਚੰਗਾ ਸੰਚਾਰ ਹੋਵੇ, ਅਤੇ 2) ਤੁਹਾਡੇ ਸਿਹਤ-ਸੰਭਾਲ ਪ੍ਰਦਾਤਾ ਇੱਕ ਦੂਜੇ ਦੇ ਨਾਲ ਸੰਚਾਰ ਕਰ ਰਹੇ ਹਨ। ਅਸੀਂ ਜਾਣਦੇ ਹਾਂ ਕਿ ਬਿਹਤਰ ਸੰਚਾਰ ਕੁਝ ਗਲਤ ਹੋ ਜਾਣ ਦੇ ਜੋਖਮ ਨੂੰ ਘਟਾ ਦਿੰਦਾ ਹੈ।

## ਸ਼ਸ਼ਛ ਵਿੱਚ ਮੇਰੀ ਭੂਮਿਕਾ ਕੀ ਹੈ?
**(What's my role in the SSC?)**

ਸ਼ਸ਼ਛ ਤੁਹਾਡੇ ਲਈ ਬਣਾਈ ਗਈ ਸੀ। ਤੁਹਾਡੇ ਬਿਨਾਂ, ਕੋਈ SSC ਨਹੀਂ ਹੈ। ਇਹ ਉਸ ਵੇਲੇ ਸ਼ੁਰੂ ਹੁੰਦੀ ਹੈ ਜਦੋਂ ਤੁਹਾਨੂੰ ਸਰਜਰੀ ਲਈ ਤਿਆਰ ਕੀਤਾ ਜਾ ਰਿਹਾ ਹੁੰਦਾ ਹੈ। ਵੱਖ-ਵੱਖ ਸਮਿਆਂ 'ਤੇ ਵੱਖ-ਵੱਖ ਸਿਹਤ ਸੰਭਾਲ ਪ੍ਰਦਾਤਾ ਤੁਹਾਡਾ ਨਾਮ, ਜਨਮ ਮਿਤੀ, ਕੀਤੁਹਾਨੂੰ ਕੋਈ ਅਲਰਜੀਆਂ ਹਨ, ਅਤੇ ਹੋਰ ਮਹੱਤਵਪੂਰਨ ਪ੍ਰਸ਼ਨ ਪੁੱਛਣਗੇ। ਉਹ ਯਕੀਨੀ ਬਣਾਉਣਗੇ ਕਿ ਜਾਂਚ-ਸੂਚੀਖਾਂਦੀ ਹੈ ਜੋ ਤੁਸੀਂ ਉਹਨਾਂ ਨੂੰ ਦੱਸਿਆ ਹੈ।। ਉਸ ਨਾਲ ਮੇਲ

ਇਹ ਪੜਾਅ ਇਸ ਲਈ ਵੀ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਇਹ ਤੁਹਾਨੂੰ ਪ੍ਰਸ਼ਨ ਪੁੱਛਣ ਅਤੇ ਆਪਣੀ ਸਰਜੀਕਲ ਟੀਮ ਦੇ ਨਾਲ ਭਰੋਸੇ ਦਾ ਸਬੰਧ ਬਣਾਉਣ ਦਾ ਮੌਕਾ ਦਿੰਦਾ ਹੈ।

## ਮੈਨੂੰ ਸ਼ਸ਼ਛ ਬਾਰੇ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?
**(Where can I learn more about the SSC?)**

ਤੁਸੀਂ ਆਪਣੇ ਡਾਕਟਰ ਤੋਂ ਸ਼ਸ਼ਛ ਬਾਰੇ ਹੋਰ ਜਾਣਕਾਰੀ ਮੰਗ ਸਕਦੇ ਹੋ। ਤੁਸੀਂ ਾਾ.ੳਲਬੲਰਟੳਹੲੳਲਟਹਸੲਰਵਚਿੲਸ.ਚੳ/1948.ੳਸਪ 'ਤੇ ਵੀ ਜਾ ਸਕਦੇ ਹੋ।

This content may be updated without notice.

Last Revised: December 29, 2017
Author: Surgical Strategic Clinical Network, Alberta Health Services

ਇਹ ਸਮੱਗਰੀ ਕੇਵਲ ਜਾਣਕਾਰੀ ਦੇ ਉਦੇਸ਼ਾਂ ਲਈ ਹੈ। ਇਸ ਨੂੰ ਮੈਡੀਕਲ ਸਲਾਹ, ਨਿਰਦੇਸ਼, ਅਤੇ/ਜਾਂ ਇਲਾਜ ਲਈ ਨਹੀਂ ਵਰਤਿਆ ਜਾਣਾ ਚਾਹੀਦਾ ਹੈ। ਜੇ ਤੁਹਾਡੇ ਕੋਈ ਸਵਾਲ ਹਨ, ਤਾਂ ਆਪਣੇ ਡਾਕਟਰ ਜਾਂ ਉਚਿਤ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।